# ਯਿਸ਼ੂ ਪੌਲੁਸ ਦੀਆਂ ਅੱਖਾਂ ਖੋਲ੍ਹਦੇ ਹਨ।

ਬੱਚਿਆਂ ਨੂੰ ਪੌਲੁਸ ਦੇ ਧਰਮ ਪ੍ਰਚਾਰ ਦੇ ਦਰਸ਼ਣ ਦੇ ਕੰਮ ਬਾਰੇ ਵਿੱਚ ਸਿਖਾਉ।



**ਪ੍ਰਾਰਥਨਾ:-** ''ਪਿਆਰੇ ਪਰਮੇਸ਼ਵਰ, ਤੁਸੀਂ ਪੌਲੁਸ ਨੂੰ ਦਰਸ਼ਣ ਦਿੱਤਾ ਕਿ ਉਹ ਸ਼ੁਭ ਸਮਾਚਾਰ ਨੂੰ ਸਭਨਾ ਲੋਕਾਂ ਤੱਕ ਪਹੁੰਚਾਏ। ਬੇਨਤੀ ਕਰਕੇ ਸਾਨੂੰ ਵੀ ਉਹੀ ਦਰਸ਼ਣ ਦਿਉ। ਅਸੀਂ ਵੀ ਸ਼ਭਨਾ ਨੂੰ ਯਿਸ਼ੂ ਦੇ ਬਾਰੇ ਦਸਣਾ ਚਾਹਦੇ ਹਾਂ।

ਬੱਚਿਆਂ ਲਈ ਕੋਈ ਵੀ ਸਿੱਖਣ ਵਾਲੀ ਗਤੀਵਿਧੀਆਂ ਚੁਣੋ।

ਵੱਡਾ ਬੱਚਾ ਜਾ ਅਧਿਆਪਕ ਪੜੇ ਜਾ ਯਿਸ਼ੂ ਅਤੇ ਸੈਲੂਸ ਦੀ ਕਹਾਣੀ ਯਾਦ ਕਰਕੇ ਦੱਸੇ। ਰਸੂੰਲਾਂ ਦੇ ਕਰਤਬ 22:1-22 ਵਿੱਚ

ਇਹ ਦਿਖਾਉਂਦੀ ਹੇ ਕਿਵੇਂ ਪਰਮੇਸ਼ਵਰ ਨੇ ਸੈਲੂਸ ਨੂੰ ਹੋਰ ਦੇਸ਼ਾਂ ਦੇ ਲੋਕਾ ਕੋਲ ਯਿਸ਼ੂ ਬਾਰੇ ਦੱਸਣ ਲਈ ਭੇਜਿਆ।

ਕਹਾਣੀ ਦੱਸਣ ਤੋਂ ਬਾਦ, ਇੰਨ੍ਹਾਂ ਪ੍ਰਸ਼ਨਾ ਨੂੰ ਪੁੱਛੋ ਅਤੇ ਵਿਸ਼ਵਾਸੀਆਂ ਨੂੰ ਉੱਤਰ ਦਿਉ। ਜੇ ਤੁਹਾਨੂੰ ਉਨ੍ਹਾਂ ਦੀ ਲੋੜ ਹੈ (ਉੱਤਰ ਹਰ ਪ੍ਰਸ਼ਨ ਦੇ ਬਾਦ ਦਿੱਤਾ ਗਿਆ ਹੈ)

1. ਲੋਕ ਚੁਪ ਕਿਉ ਹੋ ਗਏ, ਜਦੋ ਉਨ੍ਹਾਂ ਨੇ ਪੌਲੁਸ ਨੂੰ ਬੋਲਦੇ ਹੋਏ ਸੁਣਿਆ? (ਸੈਲੂਸ ਦਾ ਪੌਲੁਸ ਹੋ ਗਿਆ, ਉਹਦੇ ਬਦਲਣ ਤੋਂ ਬਾਦ) (ਦੇਖੋ ਆਇਤ 2 ਉਹ ਉਨ੍ਹਾਂ ਦੀ ਬੋਲੀ ਵਿੱਚ ਬੋਲਿਆ)
2. ਪੌਲੁਸ ਯਿਸ਼ੂ ਦੇ ਅਨੁਯਾਈਆ ਨਾਲ ਕੀ ਕਰਦਾ ਸੀ, ਉਸ ਤੋਂ ਪਹਿਲਾ ਕਿ ਉਹ ਯਿਸ਼ੂ ਨੂੰ ਮਿਲਿਆ? (ਆਇਤ 5 ਦੇਖੋ)
3. ਸੈਲੂਸ ਨੂੰ ਅੰਨਾ ਕਿਸਨੇ ਕੀਤਾ ਸੀ? (ਦੇਖੋ ਆਇਤ 11)
4. ਹਨਾਮਿਯਾਹ ਦੁਆਰਾ ਪਰਮੇਸ਼ਵਰ ਨੇ ਸੈਲੂਸ ਨੂੰ ਕਿਹੜੇ ਨਿਰਦੇਸ਼ ਦਿੱਤੇ? (ਦੇਖੋ ਆਇਤ 15 ਅਤੇ 16)
5. ਪਰਮੇਸ਼ਵਰ ਨੇ ਸੈਲੂਸ ਨੂੰ ਕਿੱਥੇ ਭੇਜਿਆ? (ਦੇਖੋ ਆਇਤ 21)
6. ਯਹੂਦੀਆਂ ਨੇ ਸੈਲੂਸ (ਪੌਲੁਸ) ਦੇ ਧਰਮ ਪ੍ਰਚਾਰ ਦਰਸ਼ਣ ਦੇ ਲਈ ਕੀ ਸੋਚਿਆ? (ਦੇਖੋ ਆਇਤ 22)

ਕਹਾਣੀ ਦੇ ਹਿੱਸਿਆ ਦਾ ਨਾਟਕ ਤਿਆਰ ਕਰੋ।

- ਕਲੀਸੀਆਂ ਦੀ ਅਰਾਧਨਾ ਦੇ ਆਂਗੂਵੇ ਨਾਲ ਬੱਚਿਆਂ ਨੂੰ ਇਹ ਛੋਟਾ ਨਾਟਕ ਪੇਸ਼ ਕਰਨ ਦਾ ਪ੍ਰਬੰਧ ਕਰੋ।
- ਆਪਣੇ ਸਮੇ ਨੂੰ, ਬੱਚਿਆਂ ਨੂੰ ਨਾਟਕ ਦੀ ਤਿਆਰੀ ਕਰਾਉਣ ਵਿੱਚ ਲਗਾਉ।
- ਤੁਹਾਨੂੰ ਸਾਰੇ ਹਿੱਸੇ ਕਰਨ ਦੀ ਜ਼ਰੂਰਤ ਨਹੀ ਹੈ।
- ਵੱਡੇ ਬੱਚੇ ਛੋਟਿਆਂ ਦੀ ਮੱਦਦ ਕਰੋ।
- ਵੱਡੇ ਬੱਚੇ ਇਨਾ ਹਿੱਸਿਆ ਨੂੰ ਕਰਨ ਜਿਵੇਂ ਵਾਚਕ, ਜਿਹੜਾ ਕਹਾਣੀ ਨੂੰ ਛੋਟਾ ਕਰਕੇ ਬੱਚਿਆਂ ਨੂੰ ਉਨ੍ਹਾਂ ਦੀਆਂ ਲਾਇਨਾ ਯਾਦ ਕਰਾਉਣ ਵਿੱਚ ਮੱਦਦ ਕਰੇ।

**ਸੈਲੂਸ** (ਬਾਦ ਵਿੱਚ ਪੌਲੁਸ)

**ਯਿਸ਼ੂ ਦੀ ਅਵਾਜ**

**ਹਨਾਨਿਯਾਹ**

- **ਛੋਟੇ ਬੱਚੇ ਇਹ ਹਿੱਸੇ ਕਰਨ**

**ਸੈਲੂਸ ਦੇ ਸਾਥੀ**

**ਯਹੂੰਦੀ ਜਾਜਕ**

ਯਹੂੰਦਿਆਂ ਦੀ ਭੀੜ ਯਰੂਸ਼ਲਮ ਵਿੱਚ

## ਸੈਲੂਸ ਦੇ ਰੂਪਾਂਤਰਣ ਦਾ ਨਾਟਕ, ਹਿੱਸਾ (ਰਸੂੰਲਾਂ ਦੇ ਕਰਤਬ 9:1-11)

**ਵਾਚਕ:-** (ਆਇਤਾਂ 1-11) ਵਿੱਚੋ ਕਹਾਣੀ ਦੇ ਪਹਿਲੇ ਹਿੱਸੇ ਨੂੰ ਦੱਸੋ, ਫਿਰ ਆਖੋ, ''ਸੁਣੋ ਸੈਲੂਸ ਕੀ ਆਖਦਾ ਹੈ।''

**ਸੈਲੂਸ** ਜਾਜਕਾਂ ਨੂੰ ਆਖੋ, ''ਤੁਸੀਂ ਰਾਜ ਕਰਨ ਵਾਲੇ ਜਾਜਕ ਹੋ। ਮੈਨੂੰ ਕੁਝ ਦਸਤਾਵੇਜ ਦਿਉ ਤਾਂ ਕਿ ਮੈ ਯਿਸ਼ੂ ਦੇ ਅਨੁਯਾਈਆ ਨੂੰ ਦਮਿਸ਼ਕ ਵਿੱਚ ਬੰਦੀ (ਕੈਦੀ) ਬਣਾ ਲਵਾ। ਪਰਮੇਸ਼ਵਰ ਚਾਹੁੰਦਾ ਹੈ ਕਿ ਮੈ ਇਹ ਕਰਾਂ।''

**ਸੈਲੂਸ ਅਤੇ ਉਹਦੇ ਸਾਥੀ ਅੱਗੇ ਨੂੰ ਤੁਰਨ,** ਅਚਾਨਕ ਸੈਲੂਸ ਆਪਣੀਆਂ ਅੱਖਾਂ ਨੂੰ ਢੱਕ ਲਵੇ, ਤੇ ਚੀਕ ਕੇ ਡਿੱਗ ਪਵੇ।

**ਯਿਸ਼ੂ ਦੀ ਅਵਾਜ** (ਜੋਰ ਨਾਲ) ''ਸੈਲੂਸ। ਸੈਲੂਸ! ਮੈ ਯਿਸ਼ੂ ਹਾ, ਜਿਹਨੂੰ ਤੂੰ ਸਤਾਦਾ ਹੈ।''

**ਸਾਥੀ:**– ਸੈਲੂਸ ਦਾ ਹੱਥ ਫੜ ਕੇ ਲੈ ਜਾਦੇ ਹਨ। ਆਖਦੇ ਹਨ ''ਰੋਸ਼ਨੀ ਨੇ ਇਹਨੂੰ ਅੰਨਾ ਕਰ ਦਿੱਤਾ ਹੈ।''

**ਨਾਟਕ ਹਿੱਸਾ 2 (ਰਸੂੰਲਾ ਦੇ ਕਰਤਬ 9:12–21)**

**ਵਾਚਕ:**– ਆਇਤਾ 12–21 ਵਿੱਚ ਕਹਾਣੀ ਦੇ ਦੂਜੇ ਹਿੱਸੇ ਨੂੰ ਦੱਸੋ। ਫਿਰ ਆਖੋ, ''ਸੁਣੋ ਹਨਨਿਯਾਹ ਕੀ ਕਹਿੰਦਾ ਹੈ?''

**ਹਨਨਿਯਾਹ:**– ''ਸੈਲੂਸ! ਪਰਮੇਸ਼ਵਰ ਨੇ ਮੈਨੂੰ ਤੇਰੇ ਲਈ ਪ੍ਰਾਰਥਨਾ ਕਰਨ ਵਾਸਤੇ ਭੇਜਿਆ ਹੈ। ਆਪਣੀ ਰੋਸ਼ਨੀ ਲੈ ਲੈ। ਤੂੰ ਗੈਰ ਯਹੂੰਦੀ ਲੋਕਾ ਲਈ ਗਵਾਹ ਬਣੇਗਾ। ਉੱਠ! ਬੈਠ! ਅਤੇ ਬਪਤਿਸਮਾ ਲੈ।''

**ਸੈਲੂਸ:** ਆਖੇ, ''ਉਏ! ਹੁਣ ਮੈ ਵੇਖ ਸਕਦਾ ਹਾਂ। ਮੇਰੀਆਂ ਸਰੀਰਕ ਅੱਖਾਂ ਅਤੇ ਮੇਰੀਆਂ ਆਤਮਕ ਅੱਖਾਂ ਹੁੱਣ ਖੁੱਲ ਗਈਆ। ਹੁਣ ਮੈ ਸਮਝ ਗਿਆ ਹਾ ਕਿ ਪਰਮੇਸ਼ਵਰ ਚਾਹੁੰਦਾ ਹੈ ਕਿ ਮੈ ਯਿਸ਼ੂ ਦਾ ਸ਼ੁੱਭ ਸੰਦੇਸ਼ ਲੈ ਕੇ ਹਰੇਕ ਕੋਲ ਜਾਵਾ।

**ਯਹੂੰਦੀ ਭੀੜ:**(ਗੁੱਸੇ ਨਾਲ ਚੀਕਣ) ''ਇਸ ਵਿਸ਼ਵਾਸ ਘਾਤੀ ਕੋਲੋ ਛੁਟਕਾਰਾ ਦਿਵਾਉ।''

''ਇਹ ਗੈਰ ਕੌਮਾਂ ਦੀ ਮੱਦਦ ਕਰਨਾ ਚਾਹੁੰਦਾ ਹੈ ਤੇ ਉਹ ਸਾਡੇ ਵੈਰੀ ਹਨ।''

**ਵਾਚਕ ਜਾ ਵੱਡਾ ਬੱਚਾ:** ਹਰੇਕ ਦਾ ਧੰਨਵਾਦ ਕਰੋ ਜਿੰਨ੍ਹਾਂ ਨੇ ਮੱਦਦ ਕੀਤੀ ਹੈ। ਜੇਕਰ ਬੱਚਿਆਂ ਨੇ ਇਸ ਕਹਾਣੀ ਦਾ ਨਾਟਕ ਬਾਲਿਗਾਂ ਵਾਸਤੇ ਤਿਆਰ ਕੀਤਾ ਹੈ ਤਾਂ ਉਨ੍ਹਾਂ ਨੂੰ ਬਾਲਿਗਾਂ ਕੋਲੋ ਉਹੀ ਪ੍ਰਸ਼ਨ ਪੁੱਛਣ ਦਿਉ ਜਿੰਨ੍ਹਾਂ ਦੀ ਸੂਚੀ ਇਸ ਪੜ੍ਹਾਈ ਵਿੱਚ ਦਿੱਤੀ ਗਈ ਹੈ।

ਕਿ ਲੋਕਾਂ ਨੂੰ ਯਿਸ਼ੂ ਬਾਰੇ ਦੱਸੋ ਇੱਥੇ ਤੱਕ ਹੀ ਜਦੋ ਉਹ ਦਾ ਵਿਰੋਧ ਕੀਤਾ ਗਿਆ ਸੀ। ਬੱਚਿਆਂ ਨੂੰ ਆਖੋ : ''ਕਿਸ ਤਰ੍ਹਾਂ ਦੇ ਤਰਿਕਿਆ ਨਾਲ ਲੋਕੀ ਸਾਨੂੰ ਯਿਸ਼ੂ ਦੇ ਹੁੱਕਮ ਨੂੰ ਮੰਨਣ ਨਹੀ ਦਿੰਦੇ? ਬੱਚਿਆਂ ਨੂੰ ਉਦਾਰਹਣ ਦੇਣ ਦਿਉ।

ਇੱਕ ਗਲੋਬ ਦੀ ਤਸਵੀਰ ਬਣਾਉ। ਬੱਚੇ ਇਹਦੀ ਨਕਲ ਕਰਣ। ਉਹ ਤਸਵੀਰ ਨੂੰ ਬਾਲਿਗਾਂ ਦੀ ਆਉਣ ਵਾਲੀ ਅਰਾਧਨਾ ਵੇਲੇ ਦਿਖਾਉਂਣ ਅਤੇ ਸਮਝਾਉਣ ਇਹ ਦੱਸਦੀ ਹੈ ਕਿ ਪਰਮੇਸ਼ਵਰ ਧਰਤੀ (ਸੰਸਾਰ) ਦੇ ਸਾਰੇ ਲੋਕਾਂ ਨੂੰ ਪਿਆਰ ਕਰਦਾ ਹੈ



ਸਮਝਾਉ ਪਰਮੇਸ਼ਵਰ ਸਾਨੂੰ ਉਨ੍ਹਾਂ ਲੋਕਾਂ ਕੋਲ ਭੇਜਦਾ ਹੈ ਜਿਹੜੇ ਅੱਜੇ ਤੱਕ ਯਿਸ਼ੂ ਬਾਰੇ ਨਹੀ ਜਾਣਦੇ। ਜਿਵੇ ਉਸ ਨੂੰ ਪੋਲੂਸ ਨੇ ਹੋਰ ਲੋਕਾਂ ਦੇ ਕੋਲ ਭੇਜਿਆ।

- ਪਵਿੱਤਰ ਆਤਮਾ ਦੂਜਿਆਂ ਲੋਕਾਂ ਦੀਆਂ ਜ਼ਰੂਰਤਾ ਨੂੰ ਜਾਣਨ ਲਈ ਸਾਡੀਆ ਅੱਖਾਂ ਖੋਲਦਾ ਹੈ, ਜਿਵੇ ਯਿਸ਼ੂ ਨੇ ਸੈਲੂਸ ਦੀਆਂ ਅੱਖਾ ਖੋਲੀਆ।
- ਯਿਸ਼ੂ ਨੇ ਸਾਨੂੰ ਦਰਸ਼ਣ ਦਿੱਤਾ ਕਿ ਹੋਰ ਜਗਾਵਾਂ ਤੇ ਕਲੀਸੀਆਵਾਂ ਸ਼ੁਰੂ ਕਰਨ ਲਈ ਦਿੰਦਾ ਹੈ, ਜਿਵੇ ਉਸ ਨੇ ਸੈਲੂਸ ਨੂੰ ਦਰਸ਼ਣ ਦਿੱਤਾ।

ਯਾਦ ਕਰੋ ਰਸੂੰਲਾਂ ਦੇ ਕਰਤਬ 1:8

ਰਸੂੰਲਾ ਦੇ ਕਰਤਬ 1:8 ਵਿੱਚੋ ਸਮਝਾਉ ਕਿ ਅਸੀ ਆਪਣੇ ਲਈ ਚਾਰ ਜਗਾਵਾ ਇਸਤਮਾਲ ਕਰ ਸਕਦੇ ਹਾਂ ਜਦੋ ਯਿਸ਼ੂ ਸਾਨੂੰ ਲੋਕਾਂ ਕੋਲ ਜਾ ਕੇ ਆਪਣੇ ਬਾਰੇ ਵਿੱਚ ਦੱਸਣ ਲਈ ਕਹਿੰਦਾ ਹੈ।

ਬੱਚੇ ਚਾਰ ਜਗਾਵਾਂ ਦੀਆਂ ਉਦਾਹਰਣਾ ਦੇਣ।

1. ਸਲਾਹ ਕਰੋ ਕਿਵੇ, ਪੋਲੂਸ ਨੇ ਆਪਣੇ ਦਰਸ਼ਣ ਦੀ ਆਗਿਆ ਮੰਨੀ
2. ਯਰੂਸ਼ਲਮ ਉਸ ਸਮਾਜ ਦੇ ਅਨੁਸਾਰ ਹੈ ਜਿਥੇ ਅਸੀ ਕਹਿਦੇ ਹਾਂ ਕਿ ਯਹੂਦੀਆਂ ਆਲੇ ਦੁਆਲੇ ਦੇ ਸਮਾਜਾਂ ਦੇ ਅਨੁਸਾਰ ਹੈ।
3. ਸਾਮਰਿਆ ਵੀ ਆਲੇ ਦੁਆਲੇ ਦੇ ਸਮਾਜਾਂ ਦੇ ਅਨੁਸਾਰ ਹੈ ਜਿਥੇ ਵੱਖ ਸੱਭਿਆਚਾਰ ਦੇ ਲੋਕ ਰਹਿੰਦੇ ਹਨ।
4. ਧਰਤੀ ਦੇ ਆਖੀਰ ਤੱਕ ਜਿਹੜੇ ਲੋਕ ਕਾਫੀ ਦੂਰੀ ਤੇ ਰਹਿੰਦੇ ਹਨ, ਉਹਦੇ ਅਨੁਸਾਰ ਹੈ।

**ਕਵਿਤਾ:** ਤਿੰਨ ਬੱਚੇ, ਹਰੇਕ ਬੱਚਾ ਇੱਕ ਇੱਕ ਆਇਤ ਦੁਹਰਾਏ, ਕਹਾਉਤਾ 3:13–15 ਵਿੱਚ

**ਵੱਡੇ ਬੱਚੇ ਕਵਿਤਾਵਾਂ,** ਗੀਤ, ਜਾਂ ਨਾਟਕ ਲਿੱਖਣ, ਜਿਹੜੇ ਇਸ ਹਫਤੇ ਦੇ ਵਿਸ਼ੇ ਹੋਣ।

Copyright 2004 © by Paul-Timothy. May be freely copied. Download from www.Paul-Timothy.net